ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ
(ਸਿੱਖਿਆ 7 ਸ਼ਾਖਾ)

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
3. ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ

ਮੀਮੋ ਨੰ 10/32/06/1ਸਿ7/5107-47
ਮਿਤੀ ਚੰਡੀਗੜ੍ਹ 14 ਅਕਤੂਬਰ, 2009

**ਵਿਸ਼ਾ ਅਕਾਦਮਿਕ ਸਾਲ 2009-10 ਦਾ ਪੰਜਵੀਂ ਸ਼੍ਰੇਣੀ ਦੀ ਪ੍ਰੀਖਿਆ ਲੈਣ ਬਾਰੇ ।**

1.0 ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਭਾਰਤ ਸਰਕਾਰ ਵੱਲੋਂ ਪਿਛਲੇ ਦਿਨੀ ਰਾਈਟ ਆਫ ਚਿਲਡ੍ਰਨ ਟੂ ਫ੍ਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ ਪਾਸ ਕੀਤਾ ਜਾ ਚੁੱਕਿਆ ਹੈ । ਹੋਰ ਗੱਲਾ ਤੋਂ ਇਲਾਵਾ ਇਸ ਐਕਟ ਵਿੱਚ ਇਹ ਵੀ ਸਾਫ਼ - ਸਾਫ਼ ਲਿਖਿਆ ਹੋਇਆ ਹੈ ਕਿ 6 ਤੋਂ 14 ਸਾਲ ਦੇ ਬੱਚਿਆਂ ਦੀਆਂ ਬੋਰਡ ਦੀਆਂ ਪ੍ਰੀਖਿਆਵਾਂ ਨਹੀਂ ਹੋਣੀਆਂ ਚਾਹੀਦੀਆਂ ਕਿਉਂਕਿ ਇਸ ਨਾਲ ਬੱਚਿਆਂ ਤੇ ਬੜਾ ਮਾਨਸਿਕ ਬੋਝ ਪੈਂਦਾ ਹੈ । ਆਪ ਜੀ ਨੂੰ ਪਤਾ ਹੋਵੇਗਾ ਕਿ ਪਿਛਲੇ ਕੁੱਝ ਸਾਲਾਂ ਦੌਰਾਨ ਪੰਜਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾਂਦੀਆਂ ਰਹੀਆਂ ਹਨ ਜਦੋਂ ਕਿ ਸਾਲ 2008-09 ਦੌਰਾਨ ਇਹ ਪ੍ਰੀਖਿਆ ਸਰਵ ਸਿੱਖਿਆ ਅਭਿਆਨ, ਪੰਜਾਬ ਵੱਲੋਂ ਕਰਵਾਈ ਗਈ ਸੀ ।

3.0 ਪੰਜਾਬ ਸਰਕਾਰ ਵੱਲੋਂ ਇਸ ਸਾਰੇ ਮੁੱਦੇ ਨੂੰ ਉਕਤ ਤੱਥਾਂ ਦੇ ਸਬੰਧ ਵਿੱਚ ਬੜੀ ਡੂੰਘਾਈ ਨਾਲ ਵਿਚਾਰਿਆ ਗਿਆ ਹੈ ਅਤੇ ਵਿਚਾਰਣ ਉਪਰੰਤ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਸਾਲ 2009-10 ਦੌਰਾਨ ਪੰਜਵੀਂ ਸ਼੍ਰੇਣੀ ਦੀ ਪ੍ਰੀਖਿਆ ਬੋਰਡ ਦੀ ਪਰੀਖਿਆ ਵਜੋਂ ਨਹੀਂ ਲਈ ਜਾਵੇਗੀ । ਪੰਜਵੀਂ ਜਮਾਤ ਦੀ ਪ੍ਰੀਖਿਆ ਦੇ ਲੋੜੀਂਦੇ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾਵਾਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਸਰਵ ਸਿੱਖਿਆ ਅਭਿਆਨ ਵੱਲੋਂ ਮੁਹੱਈਆ ਕਰਵਾਈਆ ਜਾਣਗੀਆ ਅਤੇ ਇਨ੍ਹਾਂ ਉੱਤਰ ਪੁਸਤਿਕਾਵਾਂ ਦੀ ਜਾਂਚ ਦਾ ਕੰਮ ਸਬੰਧਤ ਸਕੂਲ ਦੇ ਅਧਿਆਪਕਾਂ ਵੱਲੋਂ ਹੀ ਆਪਣੀ ਪੱਧਰ ਤੇ ਕੀਤਾ ਜਾਵੇਗਾ । ਇਹ ਪਰੀਖਿਆ ਹੇਠ ਲਿਖੀਆਂ ਮਿਤੀਆਂ ਅਨੁਸਾਰ ਸਬੰਧਤ ਸਕੂਲਾਂ ਵੱਲੋਂ ਕਰਵਾਈ ਜਾਵੇਗੀ :-

| ਮਿਤੀ | ਵਿਸ਼ਾ | ਅੰਕ | ਸਮਾਂ |
|---|---|---|---|
| 18 ਮਾਰਚ 2010 | ਗਣਿਤ | 100 | 10 ਤੋਂ 12 ਵਜੇਂ |
| 20 ਮਾਰਚ 2010 | ਪਹਿਲੀ ਭਾਸ਼ਾ ਪੰਜਾਬੀ/ਹਿੰਦੀ/ਉਰਦੂ | 100 | 10 ਤੋਂ 12 ਵਜੇਂ |
| 22 ਮਾਰਚ 2010 | ਵਾਤਾਵਰਣ ਸਿੱਖਿਆ | 100 | 10 ਤੋਂ 12 ਵਜੇਂ |

| | | | |
|---|---|---|---|
| 24 ਮਾਰਚ 2010 | ਅੰਗਰੇਜੀ | 100 | 10 ਤੋਂ 12 ਵਜੇਂ |
| 25 ਮਾਰਚ 2010 | ਦੂਜੀ ਭਾਸ਼ਾ<br>ਪੰਜਾਬੀ/ਹਿੰਦੀ/ਉਰਦੂ | 50 | 10 ਤੋਂ 11 ਵਜੇਂ |

4.0 ਪੰਜਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾਵਾਂ ਐਸ.ਐਸ.ਏ. ਦਫਤਰ ਵੱਲੋਂ ਮਹੀਨਾਵਾਰ ਟੈਸਟਾਂ ਵਾਂਗ ਹੀ ਸਕੂਲਾਂ ਨੂੰ ਸਮੇਂ ਸਿਰ ਪਹੁੰਚਾਉਣ ਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਦੀ ਹੋਵੇਗੀ ।

5.0 ਪ੍ਰੀਖਿਆ ਲੈਣ ਉਪਰੰਤ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 29 ਮਾਰਚ, 2010 ਨੂੰ ਸਕੂਲਾਂ ਵੱਲੋਂ ਕੱਢ ਦਿੱਤਾ ਜਾਵੇਗਾ ਅਤੇ ਉਸੇ ਦਿਨ ਹੀ ਸਕੂਲ ਦੇ ਵਿਦਿਆਰਥੀਆਂ ਨੂੰ ਲੋੜੀਂਦੇ ਸਰਟੀਫਿਕੇਟ ਵੀ ਸਕੂਲ ਮੁੱਖੀ ਵੱਲੋਂ ਜਾਰੀ ਕਰ ਦਿੱਤੇ ਜਾਣਗੇ ।

6.0 ਇਸ ਪ੍ਰੀਖਿਆ ਲਈ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਕੂਲਾਂ ਦੇ ਵਿਦਿਆਰਥੀਆਂ ਤੋਂ ਕੋਈ ਵੀ ਫੀਸ ਨਹੀਂ ਲਈ ਜਾਵੇਗੀ ।

7.0 ਇਹ ਹੁਕਮ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਰਹੇ ਹਨ । ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ ਜੀ ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਕੇ)

ਉਤਾਰਾ : 5148-53 **ਮੀਤੀ** 14.10.09

1. ਡੀ.ਪੀ.ਆਈ. (ਐ ਸਿ) ਅਤੇ (ਸੈ ਸਿ) ਪੰਜਾਬ ਚੰਡੀਗੜ੍ਹ
2. ਮੰਡਲ ਸਿੱਖਿਆ ਅਫਸਰ, ਜਲੰਧਰ/ਨਾਭਾ/ਫਰੀਦਕੋਟ
3 **ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ**

**ਉਤਾਰਾ**

1. **ਨਿਜੀ ਸਹਾਇਕ / ਸਕੱਤਰ, ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ**
2. **ਨਿਜੀ ਸਹਾਇਕ / ਸਿੱਖਿਆ ਮੰਤਰੀ, ਪੰਜਾਬ, ਚੰਡੀਗੜ੍ਹ**